

# ਤਬਦੀਲੀ: ਅਗਲੀ ਕਾਰਵਾਈ:

## ਜਿਸ ਸਮੇਂ ਮੇਰਾ ਬੱਚਾ ਤਿੰਨ ਸਾਲ ਦਾ ਹੁੰਦਾ ਹੈ, ਤਾਂ ਕੀ ਹੁੰਦਾ ਹੈ?

*ਅਸਮਰੱਥ ਲੋਕਾਂ ਬਾਰੇ ਸਿੱਖਿਆ ਕਾਨੂੰਨ (IDEA) ਹਿੱਸਾ C ਹੇਠ ਸ਼ੁਰੂਆਤੀ ਸਾਲਸੀ ਸੇਵਾਵਾਂ ਤੋਂ ਤਬਦੀਲੀ ਬਾਰੇ ਗਾਈਡ।*

ਵਾੱਸ਼ਿੰਗਟਨ ਸਟੇਟ ਦਾ ਸ਼ੁਰੂਆਤੀ ਸਿੱਖਿਆ ਬਾਰੇ ਮਹਿਕਮਾ, ਬਹੁਤ ਛੋਟੇ ਬੱਚਿਆਂ ਅਤੇ ਛੋਟੇ ਬੱਚਿਆਂ ਲਈ ਸ਼ੁਰੂਆਤੀ ਸਹਾਇਤਾ ਵਜੋਂ ਰਕਮਾਂ ਮੁਹਈਆ ਕਰਦਾ ਹੈ

Washington State Department of
CHILDREN, YOUTH & FAMILIES

# ਤਬਦੀਲੀ ਕੀ ਹੈ?

ਜਿਸ ਸਮੇਂ ਤੁਹਾਡਾ ਬੱਚਾ ਤਿੰਨ ਸਾਲ ਦਾ ਹੁੰਦਾ ਹੈ, ਤਾਂ ਸ਼ੁਰੂਆਤੀ ਸਾਲਸੀ ਸੇਵਾਵਾਂ ਬੰਦ ਹੋ ਜਾਂਦੀਆਂ ਹਨ ਅਤੇ ਨਵੀਆਂ ਸੇਵਾਵਾਂ ਅਤੇ ਸਹਾਇਤਾ ਮਿਲ ਸਕਦੀ ਹੈ। ਤਬਦੀਲੀ ਦਾ ਇਹ ਅਮਲ ਕਈ ਤਬਦੀਲੀਆਂ ਵਿਚੋਂ ਇੱਕ ਹੈ, ਜੋ ਤੁਹਾਡੇ ਬੱਚੇ ਅਤੇ ਤੁਹਾਡੇ ਪੂਰੇ ਜੀਵਨ ਭਰ ਹੁੰਦੀਆਂ ਰਹਿਣਗੀਆਂ।

ਆਪਣੇ ਬੱਚੇ ਦੇ ਤੀਜੇ ਜਨਮ-ਦਿਨ ਤੋਂ ਛੇ ਤੋਂ ਨੌ ਮਹੀਨੇ ਪਹਿਲਾਂ ਪ੍ਰੀ-ਸਕੂਲ ਵਿਸ਼ੇਸ਼ ਸਿੱਖਿਆ ਸੇਵਾਵਾਂ ਅਤੇ ਹੋਰ ਲੋੜੀਂਦੀਆਂ ਸੇਵਾਵਾਂ ਅਤੇ ਸਹਾਇਤਾ ਵਾਸਤੇ ਤਬਦੀਲੀ ਲਈ ਤੁਹਾਨੂੰ ਆਪਣੇ ਪਰਿਵਾਰਕ ਵਸੀਲਿਆਂ ਬਾਰੇ ਕੋਆੱਰਡੀਨੇਟਰ (FRC) ਅਤੇ ਟੀਮ ਨਾਲ ਮਿਲਕੇ ਕੰਮ ਸ਼ੁਰੂ ਕਰਨਾ ਪਏਗਾ। ਪਰਿਵਾਰ ਅਤੇ ਸੇਵਾ ਪ੍ਰੋਵਾਈਡਰ, ਸਫ਼ਰ ਵਿਚ ਇਕੱਠਿਆਂ ਇਸ ਅਮਲ ਨੂੰ ਪੂਰਾ ਕਰਨਗੇ, ਜਿਸ ਨਾਲ ਤਬਦੀਲੀ ਸਬੰਧੀ ਮੀਟਿੰਗ ਲਈ ਰਾਹ ਤਿਆਰ ਹੁੰਦਾ ਹੈ।

# ਤਬਦੀਲੀ ਸਬੰਧੀ ਮੀਟਿੰਗ ਦਾ ਕੀ ਉਦੇਸ਼ ਹੈ?

IFSF ਮੀਟਿੰਗ ਦੌਰਾਨ, ਤਬਦੀਲੀ ਦੇ ਅਮਲ ਰਾਹੀਂ ਤੁਹਾਨੂੰ ਸੇਧ ਦੇਣ ਵਿਚ ਮਦਦ ਕਰਨ ਲਈ ਤੁਹਾਡੇ ਅਤੇ ਤੁਹਾਡੀ ਸ਼ੁਰੂਆਤੀ ਸਾਲਸੀ ਟੀਮ ਵਲੋਂ ਇੱਕ ਲਿਖਤੀ ਤਬਦੀਲੀ ਪਲਾਨ ਤਿਆਰ ਕੀਤਾ ਜਾਏਗਾ।

ਅਸਮਰੱਥ ਲੋਕਾਂ ਬਾਰੇ ਸਿੱਖਿਆ ਕਾਨੂੰਨ (IDEA) ਦਾ ਹਿੱਸਾ C ਤੁਹਾਡੇ ਬੱਚੇ ਦੇ ਤੀਜੇ ਜਨਮ-ਦਿਨ ਤੋਂ ਪਹਿਲਾਂ ਤਬਦੀਲੀ ਲਈ ਲਿਖਤੀ ਪਲਾਨ ਚਾਹੁੰਦਾ ਹਾਂ।

# ਅਸੀਂ ਤਬਦੀਲੀ ਲਈ ਯੋਜਨਾਬੰਦੀ ਕਦੋਂ ਸ਼ੁਰੂਕਰਦੇ ਹਾਂ?

## ਤੁਹਾਡੇ ਬੱਚੇ ਦੇ ਤੀਜੇ ਜਨਮ-ਦਿਨ ਤੋਂ ਛੇ ਤੋਂ ਨੌਮਹੀਨੇ ਪਹਿਲਾਂ:

ਤਬਦੀਲੀ ਬਾਰੇ ਯੋਜਨਾਬੰਦੀ ਸ਼ੁਰੂ ਹੁੰਦੀ ਹੈ। ਤੁਹਾਡਾ FRC ਤਿੰਨ ਸਾਲ ਦੀ ਉਮਰ 'ਤੇ ਤੁਹਾਡੇ ਬੱਚੇ ਦੀ ਤਬਦੀਲੀ ਬਾਰੇ ਯੋਜਨਾਬੰਦੀ ਸ਼ੁਰੂ ਕਰਨ ਵਾਸਤੇ ਤੁਹਾਡੇ ਅਤੇ ਤੁਹਾਡੀ ਸਕੂਲ ਡਿਸਟ੍ਰਿਕਟ ਜਾਂ ਹੋਰ ਭਾਈਚਾਰਕ ਅਧਾਰਿਤ ਪ੍ਰੋਗਰਾਮਾਂ ਵਿਚਕਾਰ ਮਦਦ ਕਰੇਗਾ।

ਤੁਹਾਡੇ ਬੱਚੇ ਦੇ ਤੀਜੇ ਜਨਮ-ਦਿਨ ਤੋਂ ਘੱਟੋ-ਘੱਟ ਛੇ ਮਹੀਨੇ ਪਹਿਲਾਂ ਤਬਦੀਲੀ ਬਾਰੇ ਯੋਜਨਾਬੰਦੀ ਦੀ ਮੀਟਿੰਗ ਹੋਏਗੀ:

**ਮੀਟਿੰਗ ਦੇ ਹਿੱਸੇ ਵਜੋਂ ਤੁਸੀਂ ਸਕੂਲ ਡਿਸਟ੍ਰਿਕਟ ਦੇ ਨੁਮਾਇੰਦੇ ਨੂੰ ਮਿਲੋਗੇ। ਉਹ ਤੁਹਾਨੂੰ ਸਮਝਾਏਗਾ ਕਿ ਤੁਹਾਡਾ ਬੱਚਾ ਪ੍ਰੀ-ਸਕੂਲ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਯੋਗ ਹੈ, ਦਾ ਪਤਾ ਲਾਉਣ ਲਈ ਕੀ ਹੋਏਗਾ।**

ਸਕੂਲ ਡਿਸਟ੍ਰਿਕਟ ਵਲੋਂ ਕੀਤੇ ਗਏ ਨਿਰਣੇ ਅਨੁਸਾਰ, ਜੇ ਤੁਹਾਡਾ ਬੱਚਾ ਪ੍ਰੀ-ਸਕੂਲ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਯੋਗ ਹੈ, ਤਾਂ ਵਿਅਕਤੀਗਤ ਸਿੱਖਿਆ ਪ੍ਰੋਗਰਾਮ (IEP) ਰਾਹੀਂ ਸੇਵਾਵਾਂ ਮੁਹਈਆ ਕਰਾਈਆਂ ਜਾਣਗੀਆਂ।

ਜੇ ਤੁਸੀਂ ਪ੍ਰੀ-ਸਕੂਲ ਵਿਸ਼ੇਸ਼ ਸਿੱਖਿਆ ਸੇਵਾਵਾਂ ਨਹੀਂ ਲੈਣਾ ਚਾਹੁੰਦੇ, ਤਾਂ ਸਕੂਲ ਡਿਸਟ੍ਰਿਕਟ ਦੇ ਨੁਮਾਇੰਦੇ ਨਾਲ ਮੀਟਿੰਗ ਦਾ ਪ੍ਰੋਗਰਾਮ ਨਹੀਂ ਬਣਾਇਆ ਜਾਏਗਾ।

# ਤਬਦੀਲੀ ਪਲਾਨ ਕੀ ਹੈ?

ਤਬਦੀਲੀ ਬਾਰੇ ਪਲਾਨ ਪਤਾ ਲਾਉਂਦਾ ਹੈ ਕਿ ਕਿਉਂਕਿ ਤੁਹਾਡਾ ਬੱਚਾ ਅਤੇ ਪਰਿਵਾਰ ਤਿੰਨ ਸਾਲ ਦੀ ਉਮਰ 'ਤੇ ਸ਼ੁਰੂਆਤੀ ਸਾਲਸੀ ਸੇਵਾਵਾਂਤੋਂ ਬਾਅਦ ਦੀਆਂ ਸੇਵਾਵਾਂ ਲੈ ਰਿਹਾ ਹੈ, ਤਾਂ ਇਸ ਵਿਚ ਤੁਸੀਂ, ਤੁਹਾਡਾ FRC ਅਤੇ ਤੁਹਾਡੀ ਸ਼ੁਰੂਆਤੀ ਸਾਲਸੀ ਟੀਮ ਕਿਵੇਂ ਮਦਦ ਕਰੇਗੀ।ਪਲਾਨ ਦੱਸਦਾ ਹੈ ਕਿ ਕਿਉਂਕਿ ਤੁਹਾਡਾ ਬੱਚਾ ਤੁਹਾਡੇ ਸਥਾਨਕ ਡਿਸਟ੍ਰਿਕਟ ਪ੍ਰੀ-ਸਕੂਲ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਜਾਂ ਹੋਰ ਭਾਈਚਾਰਕ ਅਧਾਰਿਤ ਸੇਵਾਵਾਂ ਲੈਣ ਵਾਲਾ ਹੈ ਜਾਂ ਸਹਾਇਤਾ ਅਤੇ ਸੇਵਾਵਾਂ ਲਈ ਅਜੇ ਯੋਗ ਨਹੀਂ ਹੈ, ਇਸ ਲਈ ਕਿਹੜੀ ਸਹਾਇਤਾ, ਕਾਰਵਾਈਆਂ ਅਤੇ ਸੇਵਾਵਾਂ ਦੀ ਲੋੜ ਪਏਗੀ।

# ਮੇਰੇ ਬੱਚੇ ਲਈ ਅੱਗੇਕੀਹੁੰਦਾ ਹੈ?

## ਬੱਚੇ ਦੀ ਤਬਦੀਲੀ ਬਾਰੇ ਪਲਾਨ ਤਿਆਰ ਕਰਨਾ:

ਪਲਾਨ ਤਿਆਰ ਕਰਨ ਲਈ ਤੁਸੀਂ ਅਤੇ ਤੁਹਾਡੀ ਸ਼ੁਰੂਆਤੀ ਸਾਲਸੀ ਟੀਮ ਇਕੱਠਿਆਂ ਕੰਮ ਕਰੇਗੀ। ਟੀਮ ਵਿਚ ਤੁਸੀਂ, ਤੁਹਾਡਾ FRC, ਉਹ ਲੋਕ ਜੋ ਇਸ ਵੇਲੇ ਤੁਹਾਡੇ ਨਾਲ ਕੰਮ ਕਰਦੇ ਹਨ, ਹੋਰ ਲੋਕ, ਜਿਹਨਾਂ ਨੂੰ ਤੁਸੀਂ ਸ਼ਾਮਿਲ ਕਰਨਾ ਚਾਹ ਸਕਦੇ ਹੋ ਅਤੇ ਉਹ ਲੋਕ, ਜੋ ਭਵਿੱਖ ਵਿਚ ਤੁਹਾਡੇ ਬੱਚੇ ਨਾਲ ਸ਼ਾਮਿਲ ਹੋ ਸਕਦੇ ਹਨ। ਟੀਮ ਤੁਹਾਡੇ ਬੱਚੇ ਦੀ ਪ੍ਰਗਤੀ ਅਤੇ ਜ਼ਰੂਰਤਾਂ ਦੀ ਘੋਖ ਕਰੇਗੀ। FRC ਤਬਦੀਲੀ ਬਾਰੇ ਪਲਾਨ ਤਿਆਰ ਕਰਨ ਵਿਚ ਤਾਲਮੇਲ ਕਰਦਾ ਹੈ।

## ਤਿੰਨ ਸਾਲ ਦੀ ਉਮਰ 'ਤੇ ਤਬਦੀਲੀ ਤੋਂ ਬਾਅਦ ਮੇਰੇ ਬੱਚੇ ਨੂੰ ਕਿਹੜੀਆਂ ਸੇਵਾਵਾਂਮਿਲ ਸਕਦੀਆਂ ਹਨ?

ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਹਾਡੇ ਬੱਚੇ ਦੀਆਂ ਪ੍ਰੀ-ਸਕੂਲ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਦੀਆਂ ਜ਼ਰੂਰਤਾਂ ਹਨ ਜਾਂ ਨਹੀਂ। ਤੁਹਾਡੀ ਸਕੂਲ ਡਿਸਟ੍ਰਿਕਟ ਨਿਰਣਾ ਕਰੇਗੀ ਕਿ ਤੁਹਾਡਾ ਬੱਚਾ ਪ੍ਰੀ-ਸਕੂਲ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਲਈ ਯੋਗ ਹੈ। ਜੇ ਤੁਹਾਡਾ ਬੱਚਾ ਯੋਗ ਹੈ, ਤਾਂ ਭਾਈਚਾਰਕ ਪ੍ਰੋਗਰਾਮ, ਹੈਡ ਸਟਾਰਟ, ਸ਼ੁਰੂਆਤੀ ਬਚਪਨ ਦੀ ਸਿੱਖਿਆ ਅਤੇ ਸਹਾਇਤਾ ਪ੍ਰੋਗਰਾਮ (ECEAP) ਜਾਂ ਸਕੂਲ ਅਧਾਰਿਤ ਪ੍ਰੀ-ਸਕੂਲ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਵਰਗੇ ਸੇਵਾ ਸੈਟਿੰਗ ਦੇ ਕਈ ਵਿਕਲਪ ਮਿਲ ਸਕਦੇ ਹਨ। ਵਿਅਕਤੀਗਤ ਸਿੱਖਿਆ ਪ੍ਰੋਗਰਾਮ (IEP) ਰਾਹੀਂ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਦਿੱਤੀਆਂ ਜਾਣਗੀਆਂ। FRC, ਤਬਦੀਲੀ ਬਾਰੇ ਪਲਾਨ ਤਿਆਰ ਕਰਨ ਵਿਚ ਤਾਲਮੇਲ ਕਰਦਾ ਹੈ। ਸਕੂਲ ਡਿਸਟ੍ਰਿਕਟ, ਤੁਹਾਡੇ ਬੱਚੇ ਦਾ IEP ਤਿਆਰ ਕਰਨ ਲਈ ਮੀਟਿੰਗ ਬੁਲਾਏਗਾ।

ਤੁਸੀਂ ਬੇਨਤੀ ਕਰ ਸਕਦੇ ਹੋ ਕਿ ਤੁਹਾਡੇ FRC ਨੂੰ IEP ਮੀਟਿੰਗ ਵਿਚ ਬੁਲਾਇਆ ਜਾਏ। ਤੁਸੀਂ IEP ਮੀਟਿੰਗ ਵਿਚ ਸਹਾਇਤਾ ਲਈ ਆਪਣੇ ਨਾਲ ਦੋਸਤ, ਪਰਿਵਾਰ ਦੇ ਮੈਂਬਰਾਂ ਜਾਂ ਆਪਣੀ ਪਸੰਦ ਦੇ ਦੂਜੇ ਭਾਈਚਾਰਕ ਮੈਂਬਰ ਨੂੰ ਨਾਲ ਲਿਆ ਸਕਦੇ ਹੋ। ਜੇ ਤੁਹਾਡੀ ਵਿਕਾਸ ਸਬੰਧੀ ਅਸਮਰੱਥਾ ਬਾਰੇ ਡਿਵੀਜ਼ਨ (DDD) ਦਾ ਕੇਸ ਮੈਨੇਜਰ ਜਾਂ ਵਿਸ਼ੇਸ਼ ਸਿਹਤ ਸੰਭਾਲ ਜ਼ਰੂਰਤਾਂ ਵਾਲੇ ਬੱਚਿਆਂ (CSHCN) ਦਾ ਕੋਆੱਰਡੀਨੇਟਰ ਹੈ, ਤਾਂ ਤੁਸੀਂ ਉਹਨਾਂ ਨੂੰ ਵੀ ਬੁਲਾ ਸਕਦੇ ਹੋ। ਤੁਹਾਡੇ ਬੱਚੇ ਦੇ ਤੀਜੇ ਜਨਮ-ਦਿਨ ਤੋਂ ਪਹਿਲਾਂ IEP ਮੀਟਿੰਗ ਜ਼ਰੂਰ ਹੋਣੀ ਚਾਹੀਦੀ ਹੈ ਅਤੇ ਤੁਹਾਡੇ ਬੱਚੇ ਦੇ ਤੀਜੇ ਜਨਮ-ਦਿਨ ਤੱਕ IEP ਥਾਂ ਸਿਰ ਜ਼ਰੂਰ ਹੋਣੀ ਚਾਹੀਦੀ ਹੈ। IEP ਮੀਟਿੰਗਾਂ ਸਾਲ-ਦਰ-ਸਾਲ ਹੁੰਦੀਆਂ ਹਨ। ਪਰ, ਤੁਸੀਂ ਕਿਸੇ ਵੀ ਸਮੇਂ IEP ਮੀਟਿੰਗ ਲਈ ਕਹਿ ਸਕਦੇ ਹੋ ਜਾਂ ਸਕੂਲ ਦੇ ਸਟਾਫ਼ ਨੂੰ ਲੱਗਦਾ ਹੈ ਕਿ ਤੁਹਾਡੇ ਬੱਚੇ ਦੇ ਪ੍ਰੋਗਰਾਮ ਬਾਰੇ ਵਿਚਾਰ-ਚਰਚਾ ਕਰਨ ਦੀ ਜ਼ਰੂਰਤ ਹੈ।

## ਜੇ ਤੁਹਾਡਾ ਬੱਚਾ ਪ੍ਰੀ-ਸਕੂਲ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਯੋਗ ਨਹੀਂ ਹੁੰਦਾ, ਤਾਂ ਕੀ ਹੁੰਦਾ ਹੈ?

ਜੇ ਤੁਹਾਡਾ ਬੱਚਾ ਪ੍ਰੀ-ਸਕੂਲ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਯੋਗ ਨਹੀਂ ਹੈ, ਤਾਂ ਤੁਹਾਡਾ FRC ਤੁਹਾਡੇ ਬੱਚੇ ਲਈ ਉਪਲਬਧ ਹੋਰ ਸੰਭਵ ਵਿਕਲਪਾਂ ਦਾ ਪਤਾ ਲਾਉਣ ਲਈ ਤੁਹਾਡੇ ਨਾਲ ਕੰਮ ਕਰੇਗਾ, ਜੋ ਤੁਹਾਡੇ ਬੱਚੇ ਲਈ ਉਪਲਬਧ ਹਨ, ਜਿਵੇਂ ਹੈਡ ਸਟਾਰਟ, ECEAP ਜਾਂ ਹੋਰ ਭਾਈਚਾਰਕ ਪ੍ਰੋਗਰਾਮ।

# ਤਬਦੀਲੀ ਸਬੰਧੀ ਅਮਲ ਵਿਚ ਸਾਡੀ ਭੂਮਿਕਾ ਕੀ ਹੈ?

## ਤਬਦੀਲੀ ਦਾ ਕੰਮ ਅਸਾਨ ਬਣਾਉਣ ਲਈ ਤੁਸੀਂ ਆਪਣੇ ਬੱਚੇ ਅਤੇ ਆਪਣੇ ਪਰਿਵਾਰ ਦੀ ਮਦਦ ਕਰ ਸਕਦੇ ਹੋ, ਬਾਰੇ ਸੁਝਾਅ:

- ਤੁਸੀਂ ਆਪਣੇ ਬੱਚੇ ਲਈ ਕੀ ਚਾਹੁੰਦੇ ਹੋ, ਬਾਰੇ ਗੱਲਬਾਤ ਕਰਨ ਲਈ ਮੀਟਿੰਗਾਂ ਵਿਚ ਹਿੱਸਾ ਲੈਣਾ।
- ਮੀਟਿੰਗਾਂ ਵਿਚ ਨੋਟਸ ਲੈਣਾ।
- ਸ੍ਰੋਤਾਂ ਅਤੇ ਸੇਵਾਵਾਂ ਦਾ ਪਤਾ ਲਾਉਣਾ।
- ਆਪਣੇ ਬੱਚੇ ਦੀਆਂ ਸਰਗਰਮੀਆਂ ਅਤੇ ਦਿਲਚਸਪੀਆਂ ਬਾਰੇ ਕਾੱਪੀ ਰੱਖਣਾ। ਆਪਣੇ ਬੱਚੇ ਦਾ ਜਨਮ-ਸਰਟੀਫ਼ਿਕੇਟ, ਟੀਕਿਆਂ ਦਾ ਰਿਕਾੱਰਡ, ਮੈਡੀਕਲ ਰਿਪੋਰਟਾਂ, ਤਸਵੀਰਾਂ, ਅੰਦਾਜ਼ਿਆਂ, ਮੁਲਾਂਕਣ ਅਤੇ ਪਿਛਲੇ IFSPs ਸ਼ਾਮਿਲ ਕਰੋ। ਨਿਜੀ ਤੱਥਾਂ ਅਤੇ ਜਾਣਕਾਰੀ ਦੀ ਮਦਦ ਕਰਨ ਲਈ ਆਪਣੇ ਬੱਚੇ ਦੀਆਂ ਤਸਵੀਰਾਂ।
- ਤੁਹਾਡੇ ਬੱਚੇ ਦੀ ਹਿਮਾਇਤ ਵਿਚ ਕੀ ਮਦਦਗਾਰ ਹੋ ਸਕਦਾ ਹੈ? ਤੁਸੀਂ ਉਸਦੀਆਂ ਜ਼ਰੂਰਤਾਂ ਨੂੰ ਬਿਹਤਰ ਸਮਝਦੇ ਹੋ। ਆਪਣੇ ਬੱਚੇ ਲਈ ਉਹ ਸੇਵਾਵਾਂ ਲੈਣ ਲਈ ਤੁਹਾਡੇ ਬੱਚੇ ਤੋਂ ਕੀ ਉਮੀਦ ਕੀਤੀ ਜਾਂਦੀ ਹੈ, ਦਾ ਪਤਾ ਲਾਓ ਅਤੇ ਸਕੂਲ ਡਿਸਟ੍ਰਿਕਟ ਅਤੇ IEP ਟੀਮ ਨਾਲ ਕੰਮ ਕਰਨਾ।

# ਤਬਦੀਲੀ ਤੋਂ ਬਾਅਦ ਮੇਰੀਆਂ ਅਗਲੀਆਂ ਕਾਰਵਾਈਆਂ ਕੀ ਹਨ?

ਜੇ ਤੁਹਾਡੀ ਡਿਸਟ੍ਰਿਕਟ ਵਿਚ ਪਰਿਵਾਰ ਸਹਾਇਤਾ ਗਰੁਪ, ਸਥਾਨਕ ਮਾਤਾ-ਪਿਤਾ ਅਧਿਆਪਕ ਵਿਦਿਆਰਥੀ ਐਸੋਸੀਏਸ਼ਨ (PTSA) ਜਾਂ ਵਿਸ਼ੇਸ਼ ਸਿੱਖਿਆ ਬਾਰੇ ਮਾਤਾ-ਪਿਤਾ ਸਲਾਹਕਾਰੀ ਕੌਂਸਲ ਹੈ, ਬਾਰੇ ਪੁੱਛੋ। ਜੇ ਤੁਹਾਡੀਆਂ ਚਿੰਤਾਵਾਂ ਹਨ, ਤਾਂ ਡਿਸਟ੍ਰਿਕਟ ਵਿਚ ਪਰਿਵਾਰਕ ਸੇਵਾਵਾਂ ਬਾਰੇ ਵਰਕਰ, ਸੋਸ਼ਲ ਵਰਕਰ ਜਾਂ ਸਕੂਲ ਦਾ ਮਨੋਵਿਗਿਆਨੀ ਹੈ, ਬਾਰੇ ਪੁੱਛੋ। ਯਾਦ ਰੱਖੋ ਕਿ ਤਬਦੀਲੀ ਦੇ ਅਮਲ ਰਾਹੀਂ ਆਪਣੇ ਪਰਿਵਾਰ ਦੇ ਦੂਜੀ ਥਾਂ 'ਤੇ ਜਾਣ ਕਰਕੇ ਮਾਤਾ-ਪਿਤਾ ਵਜੋਂ ਤੁਸੀਂ ਆਪਣੇ ਆਪ ਦੇ ਨਾਲ ਹੀ ਆਪਣੇ ਬੱਚੇ ਲਈ ਸਹਾਇਤਾ ਤੋਂ ਲਾਭ ਲੈ ਸਕਦੇ ਹੋ।

# ਸਾਨੂੰ ਹੋਰ ਕਿਹੜੀ ਜਾਣਕਾਰੀ ਬਾਰੇ ਜਾਣਨ ਦੀ ਲੋੜ ਹੈ?

ਜੇ ਤੁਹਾਡਾ ਬੱਚਾ ਇਸ ਵੇਲੇ DDD ਤੋਂ ਸੇਵਾਵਾਂ ਲਈ ਯੋਗ ਹੈ, ਤਾਂ ਆਪਣੇ ਬੱਚੇ ਦੇ ਚਾਰ ਸਾਲ ਦਾ ਹੋਣ ਤੋਂ ਪਹਿਲਾਂ ਸੇਵਾਵਾਂ ਲਈ ਯੋਗਤਾ ਵਾਸਤੇ ਮੁੜ-ਨਿਰਣਾ ਜ਼ਰੂਰ ਕਰਾਉਣਾ ਚਾਹੀਦਾ ਹੈ। DDD ਨਾਲ ਤਬਦੀਲੀ ਬਾਰੇ ਅਮਲ ਦੌਰਾਨ, ਤੁਹਾਡੇ ਲਈ ਇਹ ਜ਼ਰੂਰੀ ਹੈ ਕਿ ਸ਼ੁਰੂਆਤੀ ਸਾਲਸੀ ਮੁਲਾਂਕਣਾਂ, ਤਬਦੀਲੀ ਬਾਰੇ ਜਾਣਕਾਰੀ ਅਤੇ ਡਿਸਟ੍ਰਿਕਟ ਦੇ ਅੰਦਾਜ਼ੇ ਬਾਰੇ ਰਿਪੋਰਟ ਸਾਂਝੀ ਕਰੋ। **ਤਬਦੀਲੀ ਬਾਰੇ ਯੋਜਨਾਬੰਦੀ ਦੀ ਮੀਟਿੰਗ ਬਾਰੇ DDD ਨੂੰ ਇਹ ਜਾਣਕਾਰੀ ਜਾਰੀ ਕਰਨ ਲਈ ਸਕੂਲ ਡਿਸਟ੍ਰਿਕਟ ਤੋਂ ਤੁਹਾਡੀ ਸਹਿਮਤੀ ਲਈ ਜਾ ਸਕਦੀ ਹੈ।** ਜੇ ਤੁਹਾਡੇ ਬੱਚੇ ਦੀ ਲਗਾਤਾਰ ਯੋਗਤਾ ਦਾ ਨਿਰਣਾ ਕਰਨ ਬਾਰੇ ਜਾਣਕਾਰੀ ਨਹੀਂ ਮਿਲਦੀ, ਤਾਂ ਤੁਹਾਡੇ ਬੱਚੇ ਨੂੰ ਚਾਰ ਸਾਲ ਦੀ ਉਮਰ ਤੋਂ DDD ਸੇਵਾਵਾਂ ਤੋਂ ਬਾਹਰ ਕੀਤਾ ਜਾ ਸਕਦਾ ਹੈ।

# ਹੋਰ ਮਦਦ ਜਾਂ ਜਾਣਕਾਰੀ ਲਈ, ਮੈਂ ਕਿੱਥੇ ਜਾ ਸਕਦਾ/ਸਕਦੀ ਹਾਂ?



ਬੱਚੇ, ਬਾਲਗ ਅਤੇ ਪਰਿਵਾਰ ਬਾਰੇ ਮਹਿਕਮਾ ਬਹੁਤ ਛੋਟੇ ਬੱਚਿਆਂ ਅਤੇ ਛੋਟੇ ਬੱਚਿਆਂ ਲਈ ਸ਼ੁਰੂਆਤੀ ਸਹਾਇਤਾ (ESIT) ਬਾਰੇ ਪ੍ਰੋਗਰਾਮ IDEA ਹਿੱਸਾ C ਦੀਆਂ ਸ਼ੁਰੂਆਤੀ ਸਾਲਸੀ ਸੇਵਾਵਾਂ ਦੇ ਸਟੇਟਭਰ` ਦੇ ਸਿਸਟਮ ਨੂੰ ਸੇਧ ਦਿੰਦਾ ਹੈ।

(360) 725-3500

**www.dcyf.wa.gov**

ਹੋਰ ਜਾਣਕਾਰੀ ਅਤੇ ਪਰਿਵਾਰਕ ਵਸੀਲਿਆਂ ਬਾਰੇ ਕੋਆੱਰਡੀਨੇਟਰ (FRC) ਨੂੰ ਰੈਫ਼ਰਲ ਦੇਣ ਲਈ ਸੰਪਰਕ ਕਰੋ: ਹੇਲਪ ਮੀ ਗ੍ਰੋ ਵਾਸ਼ਿੰਗਟਨ

1-800-322-2588

ਕਿੰਡਰਿੰਗ ਸੈਂਟਰ ਵਿਖੇ ਵਾੱਸ਼ਿੰਗਟਨ ਸਟੇਟ ਦਾ ਫ਼ਾਦਰਸ ਨੈਟਵਰਕ। ਸਾਰੇ ਮਰਦਾਂ ਅਤੇ ਉਹਨਾਂ ਦੇ ਪਰਿਵਾਰਾਂ, ਜਿਹਨਾਂ ਦੇ ਬੱਚੇ ਵਿਸ਼ੇਸ਼ ਜ਼ਰੂਰਤਾਂ ਵਾਲੇ ਹਨ, ਲਈ ਸਲਾਹਕਾਰੀ ਅਤੇ ਸਹਾਇਤਾ ਅਤੇ ਵਸੀਲਿਆਂ ਲਈ।

(425) 653-4286

**www.fathersnetwork.org**

PAVE, ਉਹਨਾਂ ਪਰਿਵਾਰਾਂ, ਜਿਹਨਾਂ ਦੇ ਬੱਚੇ ਜਨਮ ਦੀ ਉਮਰ ਤੋਂ ਲੈਕੇ ਗਭਰੇਟ ਉਮਰ ਦੇ ਅਸਮਰੱਥ ਹਨ, ਲਈ ਮਦਦ ਵਾਸਤੇ ਸਟੇਟਭਰ ਦੇ ਮਾਤਾ-ਪਿਤਾ ਦੀ ਸਿਖਲਾਈ ਅਤੇ ਜਾਣਕਾਰੀ ਸੈਂਟਰ ਮੁਹਈਆ ਕਰਦਾ ਹੈ।

1-800-572-7368 (800-5 PARENT)

**www.wapave.org**

ਉਹ ਮਾਤਾ-ਪਿਤਾ, ਜਿਹਨਾਂ ਦੇ ਬੱਚੇ ਅਸਮਰੱਥ ਹਨ ਜਾਂ ਉਹਨਾਂ ਦਾ ਵਿਕਾਸ ਦੇਰ ਨਾਲ ਹੁੰਦਾ ਹੈ, ਲਈ ਵਾੱਸ਼ਿੰਗਟਨ ਸਟੇਟ ਦਾ ਮਾਤਾ-ਪਿਤਾ ਤੋਂ ਲੈਕੇ ਮਾਤਾ-ਪਿਤਾ ਲਈ ਸਟੇਟਭਰ ਦਾ ਮਾਤਾ-ਪਿਤਾ ਦਾ ਨੈਟਵਰਕ ਹੈ, ਜੋ ਮਾਤਾ-ਪਿਤਾ ਨੂੰ ਜਜ਼ਬਾਤੀ ਸਹਾਇਤਾ ਅਤੇ ਜਾਣਕਾਰੀ ਦਿੰਦਾ ਹੈ।

1-800-821-5927

**www.arcwa.org/parent-to-parent**

ਆਰਕ ਆੱਫ਼ ਵਾੱਸ਼ਿੰਗਟਨ ਸਟੇਟ ਵਿਕਾਸ ਸਬੰਧੀ ਅਸਮਰੱਥ ਵਿਅਕਤੀਆਂ ਅਤੇ ਉਹਨਾਂ ਦੇ ਪਰਿਵਾਰ ਦੀ ਸਿੱਖਿਆ, ਸਿਹਤ, ਸਵੈ-ਨਿਰਭਰਤਾ, ਸ਼ਮੂਲੀਅਤ ਅਤੇ ਪਸੰਦ ਨੂੰ ਪ੍ਰੇਰਦਾ ਹੈ।

1-888-754-8798

**www.arcwa.org**

ਹੇਠਾਂ ਦਿੱਤੀ ਗਈ ਸਰਕਾਰੀ ਸਿੱਖਿਆ ਬਾਰੇ ਸੁਪਰਇੰਟੈਂਡੈਂਟ ਦੇ ਦਫ਼ਤਰ ਦੀ ਵੈਬਸਾਈਟ ‘ਤੇ ਵਿਸ਼ੇਸ਼ ਸਿੱਖਿਆ ਲੈਣ ਵਾਲੇ ਪਰਿਵਾਰਾਂ ਲਈ ਮਦਦਗਾਰ ਵੈਬਸਾਈਟ ਹੈ: **www.K12.wa.us/SpecialEd/Families/default.aspx**


**The Washington State Department of Children, Youth & Families Early Support for Infants and Toddlers**

PO Box 40970
Olympia WA 98504-0970
ਫ਼ੈਕਸ: (360) 725-4925
ਫੋਨ: (360) 725-3500
**www.dcyf.wa.gov/services/child-development-supports/esit**


*ਸਾਰੇ ਪ੍ਰੋਗਰਾਮਾਂ ਅਤੇ ਸਰਗਰਮੀਆਂ ਵਿਚ ਪੱਖਪਾਤ ਕਰਨ ਦੀ ਮਨਾਹੀ ਹੈ। ਬੰਸ, ਰੰਗ, ਧਰਮ, ਆਸਥਾ, ਕੌਮੀ ਮੂਲ, ਲਿੰਗ, ਉਮਰ ਜਾਂ ਅਪੰਗ ਹੋਣ ਦੇ ਅਧਾਰ ‘ਤੇ ਕਿਸੇ ਨੂੰ ਵੀ ਬਾਹਰ ਨਹੀਂ ਕੱਢਿਆ ਜਾਏਗਾ।*

*ਜੇ ਤੁਸੀਂ ਇਸ ਦਸਤਾਵੇਜ਼ ਦੀਆਂ ਕਾਪੀਆਂ ਬਦਲਵੇਂ ਫਾਰਮੈਟ ਜਾਂ ਭਾਸ਼ਾ ਵਿਚ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਡੀਸੀਵਾਈਐਫ ਸੰਵਿਧਾਨਕ ਸਬੰਧਾਂ ਨੂੰ (1-800-723-4831 | 360-902-8060, **ConstRelations@dcyf.wa.gov**) ਤੋਂ ਸੰਪਰਕ ਕਰੋ।*


DCYF PUBLICATION FS_0004 PJ | DEL 11-013 PJ (01-2020)